Alberta

# ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਸ਼ਾਨਦਾਰ ਨਿਊਕਮਰਜ਼ ਦਾ ਜਸ਼ਨ ਮਨਾਉਣਾ

12 ਅਕਤੂਬਰ, 2023

## ਅਲਬਰਟਾ ਦੀ ਸਰਕਾਰ ਵਿਦੇਸ਼ਾਂ ਵਿੱਚ ਪੈਦਾ ਹੋਏ 31 ਅਲਬਰਟਾ ਵਾਸੀਆਂ ਨੂੰ ਮਜ਼ਬੂਤ, ਦੇਖਭਾਲ ਕਰਨ ਵਾਲੇ ਅਤੇ ਸਮਾਵੇਸ਼ੀ ਭਾਈਚਾਰਿਆਂ ਦੇ ਨਿਰਮਾਣ ਲਈ ਉਹਨਾਂ ਦੇ ਯਤਨਾਂ ਲਈ ਸਨਮਾਨਿਤ ਕਰ ਰਹੀ ਹੈ।

ਜੂਨ ਵਿੱਚ, ਅਲਬਰਟਾ ਵਾਸੀਆਂ ਨੂੰ ਉਨ੍ਹਾਂ ਨਵੇਂ ਆਏ ਲੋਕਾਂ ਨੂੰ ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡਾਂ ਲਈ ਨਾਮਜ਼ਦ ਕਰਨ ਲਈ ਸੱਦਾ ਦਿੱਤਾ ਗਿਆ ਸੀ ਜਿਹੜੇ ਨੌਜਵਾਨਾਂ, ਔਰਤਾਂ, ਬਜ਼ੁਰਗਾਂ, ਉੱਦਮੀਆਂ, ਕਮਿਊਨਿਟੀ ਬਿਲਡਰਾਂ ਅਤੇ ਹੋਰਾਂ ਨੂੰ ਉਹ ਜਾਣਦੇ ਹਨ - ਜਿਨ੍ਹਾਂ ਨੇ ਸਵੈਸੇਵੀ ਗਤੀਵਿਧੀਆਂ, ਲੀਡਰਸ਼ਿਪ, ਨਵੀਨਤਾ, ਕਾਰੋਬਾਰ ਜਾਂ ਅਕਾਦਮਿਕ ਅਤੇ ਪੇਸ਼ੇਵਰ ਪ੍ਰਾਪਤੀਆਂ ਰਾਹੀਂ ਅਲਬਰਟਾ ਨੂੰ ਸਮ੍ਰਿੱਧ ਕੀਤਾ ਹੈ। ਅਲਬਰਟਨਾਂ ਨੇ ਉਨ੍ਹਾਂ ਸ਼ਾਨਦਾਰ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਕਾਲ ਦਾ ਜਵਾਬ ਦਿੱਤਾ ਜਿਨ੍ਹਾਂ ਨੇ ਸੂਬੇ ਨੂੰ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਬਿਹਤਰ ਸਥਾਨ ਬਣਾਉਣ ਵਿੱਚ ਮਦਦ ਕੀਤੀ ਹੈ।

"ਅਲਬਰਟਾ ਨਵੀਨਤਾਕਾਰੀਆਂ, ਉੱਦਮੀਆਂ ਅਤੇ ਬਿਲਡਰਾਂ ਦੇ ਸੁਪਨਿਆਂ ਅਤੇ ਸਖ਼ਤ ਮਿਹਨਤ ਨਾਲ ਬਣਾਇਆ ਗਿਆ ਸੀ। ਅਸੀਂ ਵਿਕਾਸ ਕਰਨਾ ਜਾਰੀ ਰੱਖਦੇ ਹਾਂ ਕਿਉਂਕਿ ਸਾਡਾ ਸੂਬਾ ਸਾਡੇ ਇੱਥੇ ਮੌਜੂਦ ਮੌਕਿਆਂ ਅਤੇ ਜੀਵਨ ਦੀ ਉੱਚ ਗੁਣਵੱਤਾ ਦੀ ਤਲਾਸ਼ ਕਰਨ ਵਾਲੇ ਵਧੇਰੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਹਰ ਪੁਰਸਕਾਰ ਪ੍ਰਾਪਤ ਕਰਨ ਵਾਲੇ ਨੂੰ ਵਧਾਈਆਂ ਅਤੇ ਆਪਣੇ ਜਨੂੰਨ, ਆਪਣੇ ਹੁਨਰ ਅਤੇ ਆਪਣੀਆਂ ਪ੍ਰਤਿਭਾਵਾਂ ਨੂੰ ਸਾਡੇ ਨਾਲ ਸਾਂਝਾ ਕਰਨ ਅਤੇ ਤੁਹਾਡੇ ਭਾਈਚਾਰੇ ਅਤੇ ਸਾਡੇ ਸੂਬੇ ਨੂੰ ਮਜ਼ਬੂਤ ਕਰਨ ਲਈ ਧੰਨਵਾਦ।"
*ਡੇਨੀਅਲ ਸਮਿਥ, ਪ੍ਰੀਮੀਅਰ*

ਨਾਮਜ਼ਦਗੀਆਂਦਾ ਮੁਲਾਂਕਣ ਨਾਮਜ਼ਦ ਵਿਅਕਤੀ ਦੇ ਸਮੁੱਚੇ ਯੋਗਦਾਨਾਂ,  ਉਹਨਾਂ ਦੀਆਂ ਕਾਰਵਾਈਆਂ ਨੇ ਇੱਕ ਲੋੜ ਨੂੰ ਕਿਵੇਂ ਪੂਰਾ ਕੀਤਾ ਅਤੇ ਦੂਜਿਆਂ ਨੂੰ ਪ੍ਰਭਾਵਿਤ ਕੀਤਾ, ਅਤੇ ਉਹਨਾਂ ਨੇ ਲੀਡਰਸ਼ਿਪ ਦਾ ਪ੍ਰਦਰਸ਼ਨ ਕਿਵੇਂ ਕੀਤਾ ਵਰਗੇ ਮਾਪਦੰਡਾਂ 'ਤੇ ਕੀਤਾ ਗਿਆ ਸੀ। ਯੋਗਤਾ ਪੂਰੀ ਕਰਨ ਲਈ, ਨਾਮਜ਼ਦ ਵਿਅਕਤੀ ਕੈਨੇਡਾ ਤੋਂ ਬਾਹਰ ਪੈਦਾ ਹੋਏ ਹੋਣੇ ਚਾਹੀਦੇ ਹਨ ਪਰ ਹੁਣ ਸਥਾਈ ਨਿਵਾਸੀ ਜਾਂ ਕੈਨੇਡੀਅਨ ਨਾਗਰਿਕ ਹੋਣੇ ਚਾਹੀਦੇ ਹਨ।

"ਮੈਂ ਸਾਰੇ ਪ੍ਰਾਪਤਕਰਤਾਵਾਂ ਨੂੰ ਦਿਲੋਂ ਵਧਾਈਆਂ ਦੇਣਾ ਚਾਹੁੰਦਾ ਹਾਂ। ਉਨ੍ਹਾਂ ਨੇ ਨਵੇਂ ਦੇਸ਼ ਅਤੇ ਭਾਸ਼ਾ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਸਾਡੇ ਭਾਈਚਾਰਿਆਂ ਵਿੱਚ ਬਹੁਤ ਸਕਾਰਾਤਮਕ ਤਬਦੀਲੀਆਂ ਕੀਤੀਆਂ ਹਨ। ਭਾਵੇਂ ਉਹ ਅਲਬਰਟਾ ਵਿੱਚ ਕਈ ਸਾਲਾਂ ਤੋਂ ਰਹਿ ਰਹੇ ਹਨ ਜਾਂ ਕੁਝ ਕੁ, ਇਨ੍ਹਾਂ ਵਿਅਕਤੀਆਂ ਨੇ ਬਹੁਤ ਕੀਮਤੀ ਯੋਗਦਾਨ ਪਾਇਆ ਹੈ ਅਤੇ ਅਸੀਂ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ।"
*ਮੁਹੰਮਦ ਯਾਸੀਨ, ਮਨਿਸਟਰ ਔਫ ਇਮੀਗਰੇਸ਼ਨ ਐਂਡ ਮਲਟੀਕਲਚਰਿਜ਼ਮ*

"ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡ ਸਿਰਫ਼ ਇੱਕ ਸਨਮਾਨ ਨਹੀਂ ਹੈ, ਇਹ ਅਲਬਰਟਾ ਨੂੰ ਇੱਕ ਬਿਹਤਰ ਸਥਾਨ ਬਣਾਉਣ ਲਈ ਮੇਰੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ, ਇੱਕ ਨਿਊਕਮਰ ਵਜੋਂ, ਮੈਂ ਆਪਣੇ ਨੌਜਵਾਨਾਂ, ਸੰਸਥਾਵਾਂ ਅਤੇ ਭਾਈਚਾਰਿਆਂ ਨੂੰ ਬਿਹਤਰ ਬਣਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰਕੇ ਇੱਕ ਸਾਰਥਕ ਪ੍ਰਭਾਵ ਪਾ ਸਕਦੀ ਹਾਂ।"
*ਹੈਰੀਏਟ ਟਿੰਕਾ, ਪ੍ਰਾਪਤਕਰਤਾ, ਆਂਟਰਪ੍ਰਨੋਰੀਅਲ ਸਪਿਰਿਟ ਅਵਾਰਡ*

# ਨਿਊਜ਼ ਰਿਲੀਜ਼

ਪਹਿਲੀ ਵਾਰ 2022 ਵਿੱਚ ਪੇਸ਼ ਕੀਤੇ ਗਏ ਇਹ ਪੁਰਸਕਾਰ, ਅਲਬਰਟਾ ਦੀ ਸਰਕਾਰ ਦੁਆਰਾ ਵਿਭਿੰਨਤਾ ਅਤੇ ਬਹੁ-ਸੱਭਿਆਚਾਰ ਦਾ ਸਮਰਥਨ ਕਰਨ ਦਾ ਕੇਵਲ ਇੱਕ ਤਰੀਕਾ ਹੈ।

## ਮੁੱਖ ਤੱਥ

- 2023 ਅਵਾਰਡ ਸ਼੍ਰੇਣੀਆਂ:
  - ਕਰੀਅਰ ਅਤੇ ਅਕਾਦਮਿਕ ਯੋਗਦਾਨ
  - ਉੱਦਮੀਅਤਾ ਦੀ ਭਾਵਨਾ
  - ਸਮਾਵੇਸ਼ੀ ਕਾਰਜ ਸਥਾਨ
  - ਨਿਊਕਮਰ ਚੈਮਪੀਅਨ
  - ਸੀਨੀਅਰ ਸਪਿਰਿਟ
  - ਔਰਤਾਂ ਦਾ ਨਿਊਕਮਰ ਪ੍ਰਭਾਵ
  - ਸਮਾਲ ਕਮਿਊਨਿਟੀ ਇਨਹਾਂਸਮੈਂਟ
  - ਵਿਦਿਆਰਥੀ ਪ੍ਰੇਰਨਾ
  - ਨੌਜਵਾਨ ਆਗੂ

## ਸੰਬੰਧਿਤ ਜਾਣਕਾਰੀ

- 2023 ਅਲਬਰਟਾ ਨਿਊਕਮਰ ਰਿਕੋਗਨੀਸ਼ਨ ਅਵਾਰਡ ਪ੍ਰਾਪਤਕਰਤਾ

## ਸੰਬੰਧਿਤ ਖਬਰਾਂ

- ਐਸੇ ਨਿਊਕਮਰ ਨੂੰ ਨਾਮਜ਼ਦ ਕਰੋ ਜਿਸ ਨੇ ਇੱਕ ਫਰਕ ਲਿਆਉਂਦਾ ਹੈ (28 ਜੂਨ, 2023)

## ਮੀਡੀਆ ਪੁੱਛਗਿੱਛ

Sam Blackett (ਸੈਮ ਬਲੈਕੇਟ)
ਪ੍ਰੈਸ ਸਕੱਤਰ, ਔਫਿਸ ਔਫ ਦ ਪ੍ਰੀਮੀਅਰ
sam.blackett@gov.ab.ca
587-589-6048

Michael Kwas (ਮਾਈਕਲ ਕਵਾਸ)
ਪ੍ਰੈੱਸ ਸਕੱਤਰ, ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ
michael.kwas@gov.ab.ca
780-264-5368

ਵਰਗੀਕਰਨ: ਸੁਰੱਖਿਅਤ ਏ